ਗੁਰਦੁਆਰਾ ਸ਼ਹੀਦ ਗੰਜ ਸਾਹਿਬ
ਦੇਗ ਤੇਗ ਫ਼ਤਹਿ

ੴ ਸਤਿਗੁਰ ਪ੍ਰਸਾਦਿ ॥
ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

**Gursikh Sangat Hamilton - Wentworth**
200 Old Guelph Road, Hamilton, Ontario L9H 5X6
Tel: 905-525-5725   Fax: 905-525-2966

***ਜੇ ਕੋ ਬੋਲੇ ਸਚੁ ਕੂੜਾ ਜਲਿ ਜਾਵਈ॥ ਕੂੜਿਆਰੀ ਰਜੈ ਕੂੜਿ ਜਿਉ ਵਿਸਟਾ ਕਾਗੁ ਖਾਵਈ॥***

ਮੌਜੂਦਾ ਸਮੇਂ ਅੰਦਰ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਵਲੋਂ ਕੀਤੇ ਜਾ ਰਹੇ ਗੁਰਮਤਿ ਪ੍ਰਚਾਰ ਨੂੰ ਲੈ ਕੇ ਪੰਥ-ਦੋਖੀਆਂ ਵਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ ਅਤੇ ਵਿਰੋਧ ਜਿੰਨਾਂ ਦੀ ਅਗਵਾਈ ਅਮਰੀਕ ਸਿੰਘ ਅਜਨਾਲਾ ਵਰਗੇ ਡੇਰੇਦਾਰ ਕਰ ਰਹੇ ਹਨ ਜੋ ਕਿ ਕੌਮ ਲਈ ਅਤਿ-ਮੰਦਭਾਗਾ ਹੈ, ਜਿਸ ਦੀ ਅਸੀਂ ਪੁਰਜ਼ੋਰ ਸ਼ਬਦਾਂ 'ਚ ਨਿਖੇਧੀ ਕਰਦੇ ਹਾਂ ਤੇ ਭਾਈ ਰਣਜੀਤ ਸਿੰਘ ਦਾ ਡੱਟ ਕੇ ਸਾਥ ਦਿੰਦੇ ਹੋਏ ਇਹਨਾਂ ਪੰਥ ਦੋਖੀਆਂ ਨੂੰ ਪੁਛਣਾ ਚਾਹੁੰਦੇ ਹਾਂ ਕੇ ਜਿਸ ਦਿਨ ਇਹੀ ਭਾਈ ਰਣਜੀਤ ਸਿੰਘ ਆਪਣੇ ਆਪ ਨੂੰ ਸੰਤ ਅਖਵਾਉਂਦਾ ਸੀ, ਮੱਥੇ ਟਿਕਵਾਉਂਦਾ ਸੀ, ਗੁਰਮਤਿ ਤੋਂ ਉਲਟ ਸਾਖੀਆਂ ਸਣਾਉਦਾ ਸੀ ਓਦੋਂ ਇਹ ਵਿਰੋਧ ਕਰਨ ਵਾਲੇ ਕਿਹੜੇ ਭੋਰੇ 'ਚ ਸਨ?? ਹੁਣ ਜਦੋ ਓਹੀ ਰਣਜੀਤ ਸਿੰਘ ਨਿਰੋਲ ਗੁਰਬਾਣੀ ਤੇ ਗੁਰਮਤਿ ਦੀ ਰੋਸ਼ਨੀ ਵਿਚ ਇਤਿਹਾਸ ਦੀ ਗੱਲ ਕਰਨ ਲੱਗ ਪਿਆ ਹੈ ਤਾਂ ਹੁਣ ਵਿਰੋਧ ਦਾ ਤੇ ਜਵਾਬ ਮੰਗਣ ਦਾ ਚੇਤਾ ਆ ਗਿਆ? ਗੁਰਬਾਣੀ ਦੇ ਵਾਕ ***ਜੇ ਕੋ ਬੋਲੇ ਸਚੁ ਕੂੜਾ ਜਲਿ ਜਾਵਈ॥*** ਅਨੁਸਾਰ ਸਚ ਇਹਨਾਂ ਨੂੰ ਬਦ-ਹਜ਼ਮੀ ਤਾਂ ਨਹੀ ਕਰ ਰਿਹਾ??

ਅਸੀਂ ਵਿਰੋਧ ਕਰਨ ਵਾਲ਼ਿਆਂ ਨੂੰ ਪੁਛਣਾ ਚਾਹੁੰਦੇ ਹਾਂ ਜਿਹੜੇ ਬੰਦੇ ਖੁਦ ਗੁਰੂ ਦੀ ਹਜ਼ੂਰੀ ਅੰਦਰ ਪਿਛਲੇ 33 ਸਾਲ ਤੋਂ ਕੌਮ ਨੂੰ ਝੂਠ ਬੋਲ ਕੇ ਮੂਰਖ ਬਣਾ ਰਹੇ ਹਨ ਕੇ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲੇ ਜੀਂਦੇ ਹਨ, ਜਿੰਨਾ ਨੂੰ ਕੇ ਸਾਰੀ ਕੌਮ ਸ਼ਹੀਦ ਮੰਨ ਚੁੱਕੀ ਹੈ, ਓਹ ਕਿਸ ਹੱਕ ਨਾਲ ਇਕ ਗੁਰਮਤਿ ਦੇ ਪ੍ਰਚਾਰਿਕ ਨੂੰ ਸਵਾਲ ਕਰਦੇ ਹਨ? ਅਸੀਂ ਇਹ ਵੀ ਪੁਛਣਾ ਚਾਹੁੰਦੇ ਹਾਂ ਕੇ ਟਕਸਾਲ ਨੇ ਹਮੇਸ਼ਾ ਗੁਰਮਤਿ ਪ੍ਰਚਾਰਕਾਂ ਦਾ ਵਿਰੋਧ ਕਰਨ ਦਾ ਬੀੜਾ ਹੀ ਕਿਓ ਚੁਕਿਆ ਹੋਇਆ?? ਇਹਨਾ ਨੂੰ ਹੋਰ ਡੇਰੇਦਾਰ ਜਾਂ ਪੰਥ ਵਿਰੋਧੀ ਕਿਓਂ ਨਹੀ ਦਿਸਦੇ ??ਜਵਾਬ ਹੀ ਲੈਣਾ ਹੈ ਕੇ ਪੀ ਐੱਸ ਬੁਚੜ ਕੋਲੋ ਲਵੇ, ਸੌਦਾ ਸਾਧ ਕੋਲੋ ਲਵੋ, ਮਲੂਕੇ ਕੋਲੋ ਲਵੇ ਜਿਸ ਨੇ ਅਰਦਾਸ ਦੀ ਬੇਅਦਬੀ ਕੀਤੀ, ਲੰਗਾਹ ਕੋਲੋ ਲਵੇ ਜਿਹੜਾ ਰਾਮਾਇਣ ਦੇ ਪਾਠ ਕਰਵਾਉਂਦਾ, ਅਮਰਜੀਤ ਚਾਵਲੇ ਕੋਲੋ ਲਵੇ ਜਿਹੜਾ ਲਾਲ ਚੁੰਨੀ ਲੈ ਕੇ ਭੇਟਾਂ ਗਾਉਂਦਾ, ਪ੍ਰਕਾਸ਼ ਬਾਦਲ ਕੋਲੋ ਲਵੇ ਜਿਸ ਨੇ ਪੰਜਾਬ ਦੀ ਜਵਾਨੀ ਨਸ਼ਿਆਂ ਵਿਚ ਡੋਬ ਦਿੱਤੀ, ਦਰਬਾਰ ਸਾਹਿਬ ਤੇ ਅਟੈਕ ਕਰਵਾਇਆ, ਆਰ ਐੱਸ ਐੱਸ ਦੇ ਨਾਲ ਯਾਰੀ ਪਾਈ ਬੈਠਾ ਹੈ, ਇਹਨਾਂ ਦੇ ਘਰਾਂ ਅੱਗੇ ਧਰਨੇ ਲਗਾਓ, ਇਹ ਤਾਂ ਸਾਰੇ ਪੰਜਾਬ ਚ ਹੀ ਵਸਦੇ ਹਨ ......ਇਹ ਕਿਓਂ ਨਹੀ ਦਿਸਦੇ ਤੁਹਾਨੂੰ??

ੴ ਸਤਿਗੁਰ ਪ੍ਰਸਾਦਿ ॥
ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨੁ ਸੁਹਾਵਾ ਰਾਮ ਰਾਜੇ ॥

**Gursikh Sangat Hamilton - Wentworth**
200 Old Guelph Road, Hamilton, Ontario L9H 5X6
Tel: 905-525-5725   Fax: 905-525-2966

ਅਮਰੀਕ ਸਿੰਘ ਜੀ ਸਿਵਾਏ ਗਰੀਬ ਗ੍ਰੰਥੀ ਕੁੱਟਣ ਤੇ ਤੁਹਾਡੀ ਕੌਮ ਨੂੰ ਕੀ ਦੇਣ ਹੈ ਇਹ ਵੀ ਦੱਸੋਗੇ?? ***ਗਰੀਬਾ ਉਪਰਿ ਜਿ ਖਿੰਜੈ ਦਾੜੀ॥ ਪਾਰਬ੍ਰਹਮਿ ਸਾ ਅਗਨਿ ਮਹਿ ਸਾੜੀ॥*** ਮਾੜੇ ਤੇ ਗਰੀਬ ਬੰਦੇ ਤੇ ਹੀ ਬਹਾਦਰੀ ਨਾ ਵਿਖਾਓ | ਤਿੰਨ ਫੁੱਟੀ ਕਿਰਪਾਨ ਗੁਰੂ ਸਾਹਿਬ ਨੇ ਆਪਣੇ ਭਰਾਵਾਂ ਤੇ ਵਰਤਨ ਲਈ ਦਿੱਤੀ ਸੀ ਜਾਂ ਆਪਣੇ ਹੱਕ ਲੈਣ ਵਾਸਤੇ ਦਿੱਤੀ ਸੀ| ਕੌਮ ਆਪਣੇ ਕੌਮੀ ਘਰ ਲਈ ਸ਼ੰਘਰਸ਼ ਕਰ ਰਹੀ ਹੈ ਉਸ ਵਾਸਤੇ ਕੰਮ ਕਰੋ, ਭਰਾ ਮਾਰੂ ਜੰਗ ਲਗਾ ਕੇ ਕੌਮ ਦੋਖੀਆਂ ਦੇ ਕੁਹਾੜੇ ਦਾ ਦਸਤਾ ਨਾ ਬਣੋ|

ਵਲੋਂ : ਸਿੱਖ ਕੌਮ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਗੁਰਦਵਾਰਾ ਸ਼ਹੀਦ ਗੜ੍ਹ, ਹੈਮਿਲਟਨ, ਕਨੇਡਾ ਦੀ ਸਮੂਹ ਸੰਗਤ

**ਜਾਣਕਾਰੀ ਲਈ: 905-525-5725 (ਗੁਰਦਵਾਰਾ ਸਾਹਿਬ), 905-580-3000 (ਜਸਬੀਰ ਸਿੰਘ)**